ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2020-21 ਲਈ ਪੰਜਵੀਂ ਅਤੇ ਅੱਠਵੀਂ, ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਵਿੱਚ ਜੋ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਕਰਵਾਉਣਾ ਚਾਹੁੰਦੇ ਸਨ ਪ੍ਰੰਤੂ ਕਿਸੇ ਕਾਰਨ ਕਰਕੇ ਮਾਈਗਰੇਸ਼ਨ ਨਹੀਂ ਕਰਵਾ ਸਕੇ। ਅਜਿਹੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਬੋਰਡ ਵੱਲੋਂ ਸਕੂਲ ਤੋਂ ਸਕੂਲ ਮਾਈਗਰੇਸ਼ਨ ਕਰਵਾਉਣ ਲਈ ਮਿਤੀ 05-03- 2021 ਤੱਕ 1500/- ਰੁਪਏ ਫੀਸ ਨਾਲ ਆਖਰੀ ਮੌਕਾ ਦਿੱਤਾ ਜਾਂਦਾ ਹੈ। ਸਕੂਲ ਤੋਂ ਸਕੂਲ ਮਾਈਗਰੇਸ਼ਨ ਕਰਨ ਲਈ ਹਦਾਇਤਾਂ ਸਕੂਲਾਂ ਦੀ ਲਾਗ-ਇੰਨ ਆਈ. ਡੀ. ਅਤੇ ਬੋਰਡ ਦੀ ਵੈਬ-ਸਾਈਟ ਤੇ ਪਹਿਲਾਂ ਤੋਂ ਹੀ ਅਪਲੋਡ ਕੀਤੀਆਂ ਹੋਈਆ ਹਨ। ਇਹਨਾਂ ਹਦਾਇਤਾਂ ਨੂੰ ਪੜ੍ਹਨ ਉਪਰੰਤ ਸਕੂਲ ਤੋਂ ਸਕੂਲ ਮਾਈਗਰੇਸ਼ਨ ਸਬੰਧੀ ਸਕੂਲਾਂ ਵੱਲੋਂ ਕਾਰਵਾਈ ਕੀਤੀ ਜਾਵੇ।

- ਜਿਨ੍ਹਾਂ ਸਕੂਲਾਂ ਵੱਲੋਂ ਸਕੂਲ ਟੂ ਸਕੂਲ ਮਾਈਗਰੇਸ਼ਨ ਦੀ ਆਖਰੀ ਮਿਤੀ 29-01-2021 ਤੱਕ ਆਨ-ਲਾਈਨ ਮਾਈਗਰੇਸ਼ਨ ਲਈ ਅਪਲਾਈ ਕਰ ਦਿੱਤਾ ਗਿਆ ਸੀ ਅਤੇ ਪਹਿਲੇ ਸਕੂਲ ਵੱਲੋਂ ਮਾਈਗਰੇਸ਼ਨ ਦੀ Request accept ਕਰ ਲਈ ਸੀ, ਪ੍ਰੰਤੂ ਸਕੂਲ ਵੱਲੋਂ ਆਨ-ਲਾਈਨ ਫੀਸ ਜਮ੍ਹਾਂ ਨਹੀਂ ਕਰਵਾਈ ਗਈ, ਅਜਿਹੇ ਵਿਦਿਆਰਥੀਆਂ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਮਿਤੀ 05-03-2021 ਤੱਕ 1500/- ਰੁਪਏ ਆਨ-ਲਾਈਨ ਫੀਸ ਨਵੇਂ ਸਕੂਲ ਵੱਲੋਂ Pay ਕਰਕੇ ਕੀਤੀ ਜਾ ਸਕਦੀ ਹੈ।
- ਜਿਨ੍ਹਾਂ ਸਕੂਲਾਂ ਵੱਲੋਂ ਸਕੂਲ ਤੋਂ ਸਕੂਲ ਮਾਈਗਰੇਸ਼ਨ ਕਰਨ ਲਈ ਆਨ-ਲਾਈਨ ਅਪਲਾਈ ਨਹੀਂ ਕੀਤਾ ਗਿਆ, ਉਹ ਸਕੂਲ ਮਾਈਗਰੇਸ਼ਨ ਕਰਨ ਲਈ ਸਕੂਲਾਂ ਦੀ ਲਾਗ-ਇੰਨ ਆਈ. ਡੀ. ਅਤੇ ਬੋਰਡ ਦੀ ਵੈਬਸਾਈਟ ਤੇ ਮਿਤੀ 04-12-2020 ਨੂੰ ਪਈਆਂ ਹਦਾਇਤਾਂ ਵਿੱਚ ਦਰਜ ਨੋਟ ਦੇ ਲੜੀ ਨੰ: 1 ਅਤੇ 4 ਦੇ ਅਧੀਨ ਆਉਣ ਵਾਲੇ ਪ੍ਰੀਖਿਆਰਥੀਆਂ ਦੀ ਹੀ ਮਾਈਗਰੇਸ਼ਨ ਅਪਲਾਈ ਕਰਨਗੇ। ਪਹਿਲੇ ਸਕੂਲ ਵੱਲੋਂ accept ਕਰਨ ਉਪਰੰਤ ਸਕੂਲ ਟੂ ਸਕੂਲ ਮਾਈਗਰੇਸ਼ਨ ਦੀ ਆਨ-ਲਾਈਨ Request ਮਿਤੀ 05-03-2021 ਤੱਕ ਮੁੱਖ ਦਫਤਰ, ਰਜਿਸਟਰੇਸ਼ਨ ਸ਼ਾਖਾ ਦੇ Portal ਵਿੱਚ ਪ੍ਰਾਪਤ ਹੋਵੇਗੀ, ਸ਼ਾਖਾ ਵੱਲੋਂ ਮਾਈਗਰੇਸ਼ਨ ਦੀ ਪ੍ਰਵਾਨਗੀ ਲੈਣ ਉਪਰੰਤ ਸਕੂਲ ਦੀ Request Accept ਜਾਂ Reject ਕਰਕੇ ਸਕੂਲ ਨੂੰ ਆਨ-ਲਾਈਨ ਮਾਈਗਰੇਸ਼ਨ ਫੀਸ 1500/- ਰੁਪਏ Pay ਕਰਨ ਦੀ option ਦੇ ਦਿੱਤੀ ਜਾਵੇਗੀ। ਸਕੂਲ ਆਨ-ਲਾਈਨ ਫੀਸ Pay ਕਰਕੇ ਵਿਦਿਆਰਥੀ ਦਾ ਮਾਈਗਰੇਸ਼ਨ ਸਰਟੀਫਿਕੇਟ ਪ੍ਰਿੰਟ ਕਰਨਾ ਯਕੀਨੀ ਬਣਾਉਣ।

**ਨੋਟ:- 05-03-2021 ਤੋਂ ਬਾਅਦ ਸਕੂਲ ਤੋਂ ਸਕੂਲ ਮਾਈਗਰੇਸ਼ਨ ਅਪਲਾਈ ਕਰਨ ਲਈ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ।**

2-3-2021

ਕੰਟਰੋਲਰ (ਪ੍ਰੀਖਿਆਵਾਂ)